3

# ਸਮੂਏਲ

## ਸਮਰਪਣ ਦੀ ਮਿਸਾਲ

ਰੋਮੀ ਹਕੂਮਤ ਦੀਆਂ ਜਿੱਤਾਂ ਵੇਲੇ, ਕੋਲਾਸ਼ੀਆ ਦੇ ਇਲਾਕੇ ਨੂੰ ਬਿਨਾਂ ਸ਼ਰਤ ਸਮਰਪਣ ਕਰਨ ਦੀ ਗੱਲਬਾਤ ਲਈ ਮਜਬੂਰ ਕੀਤਾ ਗਿਆ ਸੀ। ਏਗਰਿਉਸ, ਜੋ ਰੋਮੀ ਸਾਮਰਾਜ ਦਾ ਰਾਜਪਾਲ ਸੀ, ਨੇ ਉੱਥੋਂ ਦੇ ਕੋਲਾਸ਼ੀਆ ਦੇ ਦੂਤਾਂ ਤੋਂ ਪੁੱਛਿਆ ਸੀ, ''ਕੀ ਕੋਲਾਸ਼ੀਆ ਦੇ ਲੋਕਾਂ ਦਾ ਆਪਣੇ ਉੱਤੇ ਕੋਈ ਹੱਕ ਹੈ?'' ਸਿੱਧਾ ਜਵਾਬ ਮਿਲਣ ਤੇ ਉਸ ਨੇ ਪੁੱਛਿਆ ਸੀ, ''ਕੀ ਤੁਸੀਂ ਆਪਣੇ ਆਪ ਨੂੰ, ਆਪਣੇ ਮੰਦਿਰ, ਆਪਣੇ ਭਾਂਡੇ, ਆਪਣੀ ਸਾਰੀ ਜਾਇਦਾਦ ਅਤੇ ਲੋਕਾਂ ਨੂੰ ਮੇਰੇ ਸਪੁਰਦ ਕਰਦੇ ਹੋ?'' ਉਨ੍ਹਾਂ ਦਾ ਜਵਾਬ ਸੀ, ''ਹਾਂ ਅਸੀਂ ਕਰਦੇ ਹਾਂ।'' ਉਸ ਨੇ ਕਿਹਾ, ''ਮੈਂ ਤੁਹਾਨੂੰ ਕਬੂਲ ਕਰਦਾ ਹਾਂ।'' ਇਹ ਉਦਾਹਰਣ ਸਾਨੂੰ ਪੁਰਾਣੇ ਨੇਮ ਦੇ ਇਕ ਆਦਮੀ, ਸਮੂਏਲ ਦੀ ਯਾਦ ਦੁਆਉਂਦੀ ਹੈ, ਜਿਹਨੇ ਪੂਰੀ ਤਰ੍ਹਾਂ ਆਪਣਾ ਆਪ ਖ਼ੁਦਾ ਨੂੰ ਦਿੱਤਾ ਸੀ।

ਸਮੂਏਲ ਜ਼ਿੰਦਗੀ ਭਰ ਪਵਿੱਤਰਤਾ, ਭਰੋਸੇ ਅਤੇ ਧਾਰਮਿਕਤਾ ਦੀ ਮਿਸਾਲ ਬਣਿਆ ਰਿਹਾ। ਇਕ ਸਰਵਉੱਚ ਉਦੇਸ਼ ਨੇ ਜਨਮ ਤੋਂ ਮਰਨ ਤਕ ਉਸਦੀ ਰਹਿਨੁਮਾਈ ਕੀਤੀ ਸੀ। ਉਸਦੀ ਜ਼ਿੰਦਗੀ ਵਿਚ ਨਾ ਕੋਈ ਝਗੜਾ, ਨਾ ਹੋਛਾਪਣ ਨਾ ਕਿਸੇ ਕਿਸਮ ਦੀ ਕੋਈ ਬੇਨੇਮੀ ਸੀ। ਲੋਕ ਜੀਵਨ ਤੋਂ ਸੰਨਿਆਸ ਲੈਣ ਦੇ ਬਾਅਦ, ਉਸ ਨੇ ਇਹ ਜੋਖ਼ਿਮ ਲਿਆ ਜਿਸ ਨੂੰ ਅੱਜ ਕੋਈ ਵੀ ਸਰਕਾਰੀ ਅਧਿਕਾਰੀ ਲੈਣ ਦਾ ਖ਼ਾਬ ਹੀ ਵੇਖ ਸਕਦਾ ਹੈ–ਉਸਨੇ ਇਸਰਾਏਲ ਨੂੰ ਬੇਨਤੀ ਕੀਤੀ ਕਿ ਜੇ ਉਸ ਨੇ ਕੋਈ ਗਲਤੀ ਕੀਤੀ ਹੋਵੇ ਤਾਂ ਉਹ ਦੱਸ ਦੇਣ (12:2, 3)। ਲੋਕਾਂ ਦਾ ਜਵਾਬ ਖਾਮੋਸ਼ੀ ਵਿਚ ਸੀ! ਕਿਸੇ ਨੇ ਉਸ ਦੀ ਕੋਈ ਸ਼ਿਕਾਇਤ ਨਹੀਂ ਕੀਤੀ। ਸਮੂਏਲ ਦਾ ਇਤਿਹਾਸ ਬੜਾ ਬੇਦਾਗ਼ ਸੀ।

ਸਮੂਏਲ ਦੇ ਜੀਵਨ ਨੂੰ ਸੰਖੇਪ ਵਿਚ ਦੱਸਣਾ ਅਤੇ ਸੇਵਾ ਲਈ ਉਹਦੇ ਵਿਹਾਰ ਨੂੰ ਵਿਖਾਉਣਾ ਹੋਵੇ ਤਾਂ *ਸਮਰਪਣ* ਹੀ ਢੁਕਵਾਂ ਸ਼ਬਦ ਹੈ। ਹੰਨਾਹ ਦੇ ਗਰਭ ਵਿਚ ਪੈਣ ਵਾਲੇ ਦਿਨ ਤੋਂ ਆਖ਼ਰੀ ਸਾਹ ਲੈਣ ਤਕ, ਉਹ ਖ਼ੁਦਾ ਨੂੰ ਸਮਰਪਿਤ ਸੀ। ਇਹ ਸਮਰਪਣ ਹਰ ਯੁੱਗ ਦੇ ਲੋਕਾਂ ਨੂੰ ਬਚਨ ਅਤੇ ਕਰਮ ਵਿਚ ਉਨ੍ਹਾਂ ਦੇ ਸਮਰਪਣ ਦੀ ਇਕ ਚੁਣੌਤੀ ਦਿੰਦਾ ਹੈ।

### ਜਵਾਨਾਂ ਲਈ: ਤਾਂਘ ਨਾਲ ਸਮਰਪਣ ਦੀ ਚੁਣੌਤੀ (2:11, 18–21; 3:1–21)

ਸਮੂਏਲ ਦੀ ਜ਼ਿੰਦਗੀ ਦੇ ਮੁੱਢਲੇ ਸਾਲ ਦੋ ਥਾਂ ਗੁਜ਼ਰੇ। ਪਹਿਲਾਂ, ਉਹ ਰਾਮਾ ਵਿਚ ਆਪਣੇ ਮਾਤਾ ਪਿਤਾ ਕੋਲ ਰਿਹਾ ਸੀ। ਪਹਿਲੇ ਤਿੰਨ ਕੁ ਸਾਲ ਉਹ ਉਨ੍ਹਾਂ ਦੇ ਨਾਲ ਰਿਹਾ ਹੋਵੇਗਾ। ਘਰ ਵਿਚ ਉਸ ਉੱਤੇ ਉਦਾਹਰਣਾਂ, ਦੁਆਵਾਂ ਅਤੇ ਪ੍ਰੇਮ ਭਰੀਆਂ ਹਦਾਇਤਾਂ ਦਾ ਪੱਕਾ ਅਤੇ ਡੂੰਘਾ ਅਸਰ ਹੋਇਆ। ਉਹ ਮੁੱਢਲਾ ਪ੍ਰਭਾਵ ਉਹਦੇ ਲਈ ਨੇਮ ਬਣ ਗਿਆ ਜਿਸ ਨਾਲ ਉਸ ਨੂੰ ਬੁਰਿਆਈ ਤੋਂ ਦੂਰ ਅਤੇ ਭਲਿਆਈ ਵੱਲ ਵਧਣ ਵਿਚ ਅਗਵਾਈ ਮਿਲੀ। ਇਨ੍ਹਾਂ ਮੁੱਢਲੇ ਸਾਲਾਂ

ਦੌਰਾਨ ਸਮੂਏਲ ਨੂੰ ਸਮਝ ਆ ਗਈ ਕਿ ਉਹ ਯਹੋਵਾਹ ਲਈ ਸਮਰਪਿਤ ਹੈ। ਉਸ ਲਈ ਅਰਪਣ ਦੀ ਭਾਵਨਾ ਨੂੰ ਸਮਝਣਾ ਔਖਾ ਨਹੀਂ ਸੀ ਕਿਉਂਕਿ ਉਹਦੇ ਮਾਤਾ ਪਿਤਾ ਨੇ ਉਸ ਨੂੰ ਨਮੂਨੇ ਅਤੇ ਸਿੱਖਿਆ ਦੇ ਰਾਹੀਂ ਸਮਝਾਇਆ ਸੀ।

ਸ਼ੀਲੋਹ ਦਾ ਤੰਬੂ ਉਸ ਦੇ ਬਚਪਨ ਦੇ ਸਾਲਾਂ ਦੀ ਦੂਜੀ ਥਾਂ ਸੀ। ਸ਼ੀਲੋਹ ਵਿਚ ਸਮੂਏਲ ਦੀਆਂ ਅੱਖਾਂ ਦੇ ਸਾਹਮਣੇ ਇਸਰਾਏਲ ਦੀਆਂ ਪਵਿੱਤਰ ਚੀਜ਼ਾਂ ਰਹਿੰਦੀਆ ਸਨ। ਉੱਥੇ ਹੋਣ ਵਾਲੀਆਂ ਪਵਿੱਤਰ ਰਵਾਇਤਾਂ ਨੇ ਜ਼ਿੰਦਗੀ ਵਿਚ ਉਸ ਨੂੰ ਸੇਵਾ ਲਈ ਹੌਲੀ ਹੌਲੀ, ਪੱਕੀ ਤਰ੍ਹਾਂ ਮਜ਼ਬੂਤ ਬਣਾ ਦਿੱਤਾ ਸੀ, ਜਿਸ ਨਾਲ ਉਹ ਬਾਅਦ ਵਿਚ ਬਦਲ ਨਹੀਂ ਸਕਿਆ।

ਸਮੂਏਲ ਦੇ ਜੋਸ਼ੀਲੇ ਸਮਰਪਣ ਦੀ ਤਾਂਘ ਹੇਠਾਂ ਲਿਖੀਆਂ ਗੱਲਾਂ ਤੋਂ ਸਪੱਸ਼ਟ ਹੈ। ਉਹ ਇਕ ਅਜਿਹਾ ਜਵਾਨ ਸੀ ਜਿਹੜਾ ਬੁਰੇ ਪ੍ਰਭਾਵ ਦੇ ਬਾਵਜੂਦ ਵੀ ਖ਼ੁਦਾ ਵਿਚ ਬਣਿਆ ਰਿਹਾ। ਸਮੂਏਲ ਦੀ ਉਮਰ ਦੇ ਹਵਾਲੇ ਤੋਂ ਪਤਾ ਲਗਦਾ ਹੈ ਕਿ ਉਸ ਦੀ ਉਮਰ ਪੰਦਰਾਂ ਕੁ ਸਾਲਾਂ ਦੀ ਸੀ (2:18; 3:1)। ਇਹ ਉਮਰ ਅਕਸਰ ਬਾਗ਼ੀ, ਤਣਾਅ ਭਰੀ ਅਤੇ ਪਛਾਣ ਬਣਾਉਣ ਵਾਲੀ ਹੁੰਦੀ ਹੈ, ਜਿਸ ਵਿਚ ''ਭੀੜ ਦੇ ਨਾਲ'' ਵਹਿ ਜਾਣਾ ਅਕਸਰ ਅਸਾਨ ਹੁੰਦਾ ਹੈ। ਸਮੂਏਲ ਇਨ੍ਹਾਂ ਦਬਾਵਾਂ ਦੇ ਬਾਵਜੂਦ ਕਾਇਮ ਅਤੇ ਖ਼ੁਦਾ ਨੂੰ ਸਮਰਪਿਤ ਸੀ। ਸਮੂਏਲ ਉੱਤੇ ਸਭ ਤੋਂ ਖ਼ਤਰਨਾਕ ਪ੍ਰਭਾਵ ਏਲੀ ਦੇ ਬੱਚਿਆਂ ਦਾ ਪਿਆ। ਇਸ ਵਿਚ ਕੋਈ ਸ਼ੱਕ ਨਹੀਂ ਕਿ ਹਾਫ਼ਨੀ ਅਤੇ ਫ਼ੀਨਹਾਸ ਸਮੂਏਲ ਨੂੰ ਆਪਣੇ ਨਾਲ ਰਲਾਉਣ ਲਈ ਉਤਸ਼ਾਹਿਤ ਕਰਦੇ ਹੋਣਗੇ, ਪਰ ਸਮੂਏਲ ਉਨ੍ਹਾਂ ਦੀਆਂ ਗੱਲਾਂ ਵਿਚ ਨਹੀਂ ਆਇਆ। ਖ਼ੁਦਾ ਪ੍ਰਤੀ ਉਦਾਸੀਨ ਅਤੇ ਬਾਗ਼ੀ ਹੋ ਕੇ ਸਮੂਏਲ ਨਿੰਦਿਆ ਕਰਨ ਵਿਚ ਸਾਥ ਦੇ ਸਕਦਾ ਸੀ, ਪਰ ਉਹ ਉਨ੍ਹਾਂ ਨਾਲ ਨਹੀਂ ਰਲਿਆ। ਸਮੂਏਲ ਦੇ ਜਵਾਨ ਦਿਲ ਤੇ ਮੁੰਡਿਆਂ ਵਾਲੀ ਅੱਯਾਸ਼ੀ ਦੀ ਅਜ਼ਮਾਇਸ਼ ਪਈ ਹੋਵੇਗੀ। ਪਰ ਉਹ ਖ਼ੁਦਾ ਪ੍ਰਤੀ ਹੀ ਸਮਰਪਿਤ ਰਿਹਾ। ਬੁਰੇ ਪ੍ਰਭਾਵਾਂ ਦਾ ਸਾਹਮਣਾ ਕਰਨ ਦੇ ਬਾਵਜੂਦ ਸਮੂਏਲ ਨੈਤਿਕਤਾ ਅਤੇ ਆਤਮਿਕਤਾ ਵਿਚ ਵਧਦਾ ਗਿਆ (2:21; ਲੂਕਾ 1:80)। ਸਮੂਏਲ ਨਾਲ ਹਾਫ਼ਨੀ ਅਤੇ ਫ਼ੀਨਹਾਸ ਦੇ ਚਰਿੱਤਰਾਂ ਦੀ ਤੁਲਨਾ ਕਰੋ। ਉਹ ਲਗਭਗ ਓਸੇ ਉਮਰ ਦੇ ਸਨ, ਫਿਰ ਵੀ ਉਨ੍ਹਾਂ ਵਿਚਲ ਜ਼ਮੀਨ-ਅਸਮਾਨ ਦਾ ਫ਼ਰਕ ਸੀ! (2:12, 18; 2:25, 26; 3:13, 19, 20)। ਇਸ ਦਾ ਕੀ ਕਾਰਣ ਸੀ? ਸਮੂਏਲ ਜਵਾਨੀ ਦੇ ਦਿਨਾਂ ਵਿਚ ਵੀ ਖ਼ੁਦਾ ਪ੍ਰਤੀ ਸਮਰਪਿਤ ਸੀ? ਸਮੂਏਲ ਇਕ ਅਜਿਹਾ ਜਵਾਨ ਸੀ, ਜਿਹੜਾ ਜੋਸ਼ ਨਾਲ ਖ਼ੁਦਾ ਦੀਆਂ ਗੱਲਾਂ ਤੇ ਧਿਆਨ ਦਿੰਦਾ ਸੀ (3:10)। ਜੇ ਤੁਸੀਂ ਸਮੂਏਲ ਦੀ ਜ਼ਿੰਦਗੀ ਨੂੰ ਸੰਖੇਪ ਵਿਚ ਦੱਸਣ ਲਈ ਇਕ ਆਇਤ ਲੱਭ ਰਹੇ ਹੋ ਤਾਂ ਉਹ (3:10) ਹੈ। ਜਵਾਨੀ ਉਮਰੇ ਵੀ ਉਹਦਾ ਨਾਅਰਾ ''ਹੁਕਮ ਮੰਨਣਾ'' ਹੀ ਸੀ। ਖ਼ੁਦਾ ਵਿਚ ਉਸਦੀ ਡੂੰਘੀ ਆਸਥਾ ਸੀ। ''ਸੁਣ ਰਿਹਾ'' ਸ਼ਬਦ ਉਸ ਆਦਮੀ ਵੱਲ ਇਸ਼ਾਰਾ ਕਰਦੇ ਹਨ ਜਿਹੜਾ, ਓਸੇ ਸਮੇਂ ਹੁਕਮ ਮੰਨਣ ਲਈ ਖੜਾ ਹੋਵੇ। ਜੁਆਨੋ ਕੀ ਇਹ ਗੱਲ ਤੁਹਾਡੇ ਤੇ ਖਰੀ ਉੱਤਰਦੀ ਹੈ? ਜੇ ਤੁਸੀਂ ਖ਼ੁਦਾ ਨੂੰ ਸਮਰਪਿਤ ਹੋ ਤਾਂ ਤੁਸੀਂ ਉਹਦੇ ਹੁਕਮਾਂ ਨੂੰ ਸੁਣ ਕੇ ਮੰਨਣ ਤੋਂ ਨਹੀਂ ਝਿਜਕੋਗੇ ਅਤੇ ਆਪਣੇ ਆਪ ਉਸ ਦੀ ਗੱਲ ਮੰਨ ਲਓਗੇ (ਉਪਦੇਸ਼ਕ ਦੀ ਪੋਥੀ 12:1, 6)।

ਸਮੂਏਲ ਇਕ ਚੰਗਾ ਨੌਜਵਾਨ ਸੀ, ਜਿਸ ਦਾ ਸਭ ਲੋਕ ਆਦਰ ਕਰਦੇ ਸਨ (2:26; 3:21; 4:1)। ਉਸਨੇ ਜ਼ਿੰਮੇਵਾਰੀਆਂ ਨੂੰ ਮੰਨ ਲਿਆ ਸੀ (3:15)। ਹੈਕਲ ਦੇ ਦਰਵਾਜੇ ਖੋਲ੍ਹਣਾ ਉਸ ਦਾ ਮੁੱਖ ਕੰਮ ਸੀ। ਜ਼ਿੰਮੇਵਾਰੀ ਨਾਲ ਕੰਮ ਕਰਨ ਦੇ ਉਹਦੇ ਢੰਗਾਂ ਕਰਕੇ ਉਹਦੀ ਪਛਾਣ ਖ਼ੁਦਾ ਦੇ ਬੰਦੇ ਦੇ ਰੂਪ ਵਿਚ ਬਣ ਗਈ। ਜੁਆਨੋ, ਇਸ ਚੁਣੌਤੀ ਨੂੰ ਕਬੂਲ ਕਰੋ ਅਤੇ

ਜ਼ਿੰਮੇਵਾਰੀ ਵਾਲਾ ਵਿਹਾਰ ਕਰੋ ਤਾਂ ਜੋ ਤੁਹਾਡੇ ਗੁਆਂਢੀ ਤੁਹਾਡੀ ਇੱਜ਼ਤ ਕਰਨ (ਤੁਲਨਾ ਕਹਾਉਤਾਂ 3:1, 4; 1 ਤਿਮੋਥਿਉਸ 4:12, 15; 5:22)।

ਸਮੂਏਲ ਨੇ ਰਾਮਾ ਤੋਂ ਸ਼ੁਰੂ ਕੀਤਾ ਸੀ ਅਤੇ ਸ਼ੀਲੋਹ ਵਿਚ ਚਲਿਆ ਗਿਆ। ਉਸ ਦਾ ਬਚਪਨ ਅਤੇ ਬਾਲ ਅਵਸਥਾ ਸ਼ੀਲੋਹ ਵਿਚ ਸੇਵਾ ਕਰਦਿਆਂ ਬੀਤੇ। ਜਵਾਨ ਹੋਣ ਤਕ ਉਹ ਇਕ ਤਕੜਾ ਮਜ਼ਬੂਤ ਆਦਮੀ ਬਣ ਗਿਆ (3:19–4:1)। ਸ਼ੀਲਹੋ ਵਿਚ ਸ਼ੁਰੂ ਵਿਚ ਦਰਸ਼ਣ, ਇਸਰਾਏਲ ਕੌਮ ਅੱਗੇ ਬਾਰ ਬਾਰ ਆਪਣੀਆਂ ਗੱਲਾਂ ਦੀ ਤਸਦੀਕ ਅਤੇ ਜ਼ਿੰਮੇਵਾਰੀ ਨਾਲ ਕੰਮ ਕਰਨ ਤੇ ਉਸ ਨੂੰ ਇੱਜ਼ਤ ਅਤੇ ਦਲੇਰੀ ਮਿਲੀ, ਜਿਸ ਨਾਲ ਉਹ ਇਕ ਬਾਲਗ ਬਣਿਆ।

## ਬਾਲਗਾਂ ਲਈ: ਸਮਰਪਿਤ ਹੋਣ ਬਾਰੇ ਚੁਣੌਤੀ (7:1-17)

ਖ਼ੁਦਾ ਨੇ ਨਬੀ ਦੇ ਰੂਪ ਵਿਚ ਕਾਇਮ ਹੋਣ ਦੇ ਛੇਤੀ ਬਾਅਦ, ਲਗਦਾ ਹੈ ਸਮੂਏਲ ਸ਼ੀਲੋਹ ਵਿਚ ਚਲਿਆ ਗਿਆ ਸੀ। ਸੰਦੂਕ ਦੇ ਖੁੱਸ ਜਾਣ ਦੇ ਬਾਅਦ (4:11) ਸ਼ੀਲੋ ਫ਼ਲਿਸਤੀਆਂ ਦੇ ਕਬਜ਼ੇ ਵਿਚ ਹੋ ਗਿਆ ਸੀ (ਜ਼ਬੂਰ 78:60ਤੋਂ)। ਇਸਰਾਏਲੀਆਂ ਨੇ ਫ਼ਲਿਸਤੀਆਂ ਦੇ ਕਬਜ਼ੇ ਚੋਂ ਨਿਕਲਣ ਲਈ ਸੰਘਰਸ਼ ਕੀਤਾ ਸੀ। ਰਾਮਾਹ ਵਿਚ ਸਮੂਏਲ ਦੀ ਮੌਜੂਦਗੀ ਕਈਆਂ ਪੱਖਾਂ ਤੋਂ ਦੱਸੀ ਜਾ ਸਕਦੀ ਹੈ। ਕੁਝ ਲੋਕਾਂ ਦਾ ਮੰਨਣਾ ਹੈ ਕਿ ਉਸ ਨੂੰ ਉੱਥੇ ਅਲਕਾਨਾਹ ਤੋਂ ਜ਼ਮੀਨ ਜਾਇਦਾਦ ਮਿਰਾਸ ਵਿਚ ਮਿਲੀ ਸੀ। ਜਦਕਿ ਹੋਰਨਾਂ ਦਾ ਸੁਝਾਅ ਹੈ ਕਿ ਉਹ ਉੱਥੇ ਹਾਫ਼ਨੀ ਅਤੇ ਫ਼ੀਨਹਾਸ ਰਾਹੀਂ ਕੀਤੀ ਜਾ ਰਹੀ ਬੰਦਗੀ ਵਿਚ ਪਾਈਆਂ ਜਾਣ ਵਾਲੀਆਂ ਕੁਰੀਤੀਆਂ ਕਰਕੇ ਗਿਆ ਸੀ, ਪਰ ਸਮੂਏਲ ਦਾ ਮੁੱਖ ਦਫ਼ਤਰ ਰਾਮਾ ਵਿਚ ਹੀ ਸੀ।

ਰਾਮਾਹ ਵਿਚ ਸਮੂਏਲ ਨੇ ਵੀਹ ਸਾਲ ਤਕ ਤੌਬਾ ਲਈ ਇਸਰਾਏਲ ਨੂੰ ਲਗਾਤਾਰ ਬੇਨਤੀ ਕੀਤੀ। 7:3 ਦੇ ਸ਼ਬਦ ਸਮੂਏਲ ਦੀਆਂ ਬੇਨਤੀਆਂ ਬਾਰੇ ਸੰਖੇਪ ਵਿਚ ਦੱਸਦੇ ਹਨ। ਵੀਹ ਸਾਲ ਤਕ ਪ੍ਰਚਾਰ ਕਰਨ ਦੇ ਬਾਅਦ ਸਮੂਏਲ ਨੇ ਇਸਰਾਏਲ ਨੂੰ ਮਿਸਫਾਹ ਵਿਚ ਜਮ੍ਹਾ ਕਰ ਕੇ ਇਸਰਾਏਲ ਦੇ ਯਹੋਵਾਹ ਦੀ ਅਤੇ ਵਾਪਸ ਆਉਣ ਦੀ ਗੱਲ ਕਹੀ। ਮਿਸਫਾਹ ਵਿਚ ਹੋਣ ਵਾਲੀ ਇਹ ਸਭਾ ਸਮੂਏਲ ਦੇ ਬਾਅਦ ਦੇ ਵਰ੍ਹਿਆਂ ਵਿਚ ਉਸ ਦੇ ਸਮਰਪਣ ਨੂੰ ਵਿਖਾਉਂਦੀ ਹੈ।

ਸਮੂਏਲ ਦੇ ਜੀਵਨ ਦਾ ਅਧਿਐਨ ਕਰਦੇ ਹੋਏ, ਬਾਲਗਾਂ ਨੂੰ ਹੇਠ ਲਿਖੀਆਂ ਗੱਲਾਂ ਪ੍ਰਤੀ ਸਮਰਪਿਤ ਹੋਣ ਦੀ ਚੁਣੌਤੀ ਮਿਲਦੀ ਹੈ।

ਸਮੂਏਲ ਲੋਕਾਂ ਨੂੰ ਪੂਰੀ ਤੌਬਾ ਲਈ ਕਹਿਣ ਤੋਂ ਡਰਿਆ ਨਹੀਂ (7:3)। ਉਸ ਨੇ ਨਾਬਰਾਬਰੀ ਦੀ ਨਿੰਦਾ ਕੀਤੀ ਅਤੇ ਇਸਰਾਏਲ ਨੂੰ ਪੂਰੀ ਤਰ੍ਹਾਂ ਨਾਲ ਕਾਫ਼ਰਾਂ ਦੀਆਂ ਰਵਾਇਤਾਂ ਤੇ ਚੱਲਣੋਂ ਮਨ੍ਹਾ ਕੀਤਾ। ਸਮੂਏਲ ਦੀ ਇੱਛਾ ਪਾਪਾਂ ਨੂੰ ਸਮਝਣ, ਅਤੇ ਖ਼ੁਦਾ ਤੇ ਭਰੋਸਾ ਰੱਖਣ ਨੂੰ ਸਮਝਣ ਦੀ ਸੀ। ਉਸ ਨੇ ਸੱਚੀ ਤੌਬਾ ਦੀ ਮੰਗ ਕੀਤੀ! ਉਸ ਨੇ ਇਸਰਾਏਲ ਨੂੰ ਖ਼ੁਦਾ ਨਾਲ ਮੇਲ ਕਰਨ ਲਈ ਵੀ ਉਤਸ਼ਾਹਿਤ ਕੀਤਾ (7:5)। ਉਹ ਧਾਰਮਿਕਤਾ ਨੂੰ ਉਤਸ਼ਾਹਿਤ ਕਰਨ ਲਈ ਕੁਝ ਵੀ ਕਰਨ ਚਾਹੁੰਦਾ ਸੀ। ਉਸ ਨੇ ਇਸਰਾਏਲ ਨੂੰ ਬੇਨਤੀ ਕੀਤੀ ਅਤੇ ਮਿੰਨਤਾਂ ਕੀਤੀਆਂ ਅਤੇ ਤਰਕ ਦਿੱਤੇ।

ਫਿਰ ਉਸ ਕੋਲ ਉੱਚ ਅਹੁਦਾ ਸੀ (7:6)। ਆਪਣੇ ਪ੍ਰਭਾਵ ਨਾਲ ਸਮੂਏਲ ਨੇ ਇਸਰਾਏਲ ਨੂੰ ਜਮ੍ਹਾ ਹੋਣ ਲਈ ਮਨਾ ਲਿਆ। ਕੌਮ ਨੇ ਖ਼ੁਦਾ ਦੀ ਹਦਾਇਤਾਂ ਅਨੁਸਾਰ ਆਪਣਾ ਆਪ ਦੇਣ ਅਤੇ ਬਗ਼ਾਵਤ ਦੀ ਗੱਲ ਮੰਨੀ। ਇੱਥੇ ਹੀ ਸਮੂਏਲ ਨੂੰ ਇਸਰਾਏਲ ਉੱਤੇ "ਨਿਆਈਂ" ਥਾਪਿਆ ਗਿਆ ਸੀ।

ਉਸ ਨੇ ਉਨ੍ਹਾਂ ਦੀ ਅਗਵਾਈ ਕੀਤੀ (7:8)। ਇਸਰਾਏਲੀਆਂ ਨੂੰ ਮਦਦ ਦੀ ਲੋੜ ਪੈਣ ਤੇ ਉਹ ਅਗਵਾਈ ਲਈ ਕਿਸੇ ਦੀ ਰਾਹ ਵੇਖ ਰਹੇ ਸਨ। ਸਮੂਏਲ ਦੀ ਜ਼ਿੰਦਗੀ, ਨਮੂਨਾ ਅਤੇ ਸਿੱਖਿਆ ਮਿਲ ਕੇ ਉਸ ਨੂੰ ਇਕ ਮਹਾਨ ਆਗੂ ਦੇ ਰੂਪ ਵਿਚ ਯੋਗ ਠਹਿਰਾਉਂਦੇ ਸਨ।

ਸਮੂਏਲ ਦੁਆ ਤਾਂ ਕਰਦਾ ਹੀ ਸੀ, ਨਾਲ ਹੀ ਉਸ ਉੱਤੇ ਨਿਰਭਰ ਵੀ ਰਹਿੰਦਾ ਸੀ (7:9)। ਸਭ ਇਸਰਾਏਲੀ ਸਮੂਏਲ ਦੀਆਂ ਦੁਆਵਾਂ ਦੀ ਤਾਕਤ ਤੋਂ ਜਾਣੂ ਸਨ। ਖ਼ੁਦਾ ਸਮੂਏਲ ਦੀਆਂ ਬੇਨਤੀਆਂ ਸੁਣ ਦੇ ਜਵਾਬ ਦਿੰਦਾ ਸੀ। ਧਿਆਨ ਦੇਣ ਵਾਲੀ ਗੱਲ ਹੈ ਕਿ ਜ਼ਬੂਰ 99:6 ਵਿਚ ਖ਼ੁਦਾ ਤੋਂ ਦੁਆਵਾਂ ਕਰਨ ਵਾਲਿਆਂ ਵਿਚ ਸਮੂਏਲ ਨੂੰ ਉੱਚਾ ਸਥਾਨ ਮਿਲਦਾ ਹੈ। ਯਿਰਮਿਯਾਹ 15:1 ਦੁਆ ਦੀ ਉਸ ਤਾਕਤ ਵੱਲ ਇਸ਼ਾਰਾ ਹੈ, ਜਿਹੜੀ ਸਮੂਏਲ ਇਸਰਾਏਲੀਆਂ ਲਈ ਆਪਣੀਆਂ ਬੇਨਤੀਆਂ ਵਿਚ ਕਰਿਆ ਕਰਦਾ ਸੀ। ਹਰ ਇਸਰਾਏਲੀ ਨੂੰ ਪਤਾ ਸੀ ਕਿ ਸਮੂਏਲ ਨੇ ਉਨ੍ਹਾਂ ਦੇ ਛੁਟਕਾਰੇ ਲਈ ਦੁਆ ਕੀਤੀ ਹੈ ਅਤੇ ਉਸ ਦੀ ਖ਼ਾਤਰ ਉਨ੍ਹਾਂ ਨੂੰ ਜੰਗ ਵਿਚ ਕਾਮਯਾਬੀ ਮਿਲਦੀ ਸੀ (7:8; 8:6)। ਸਮੂਏਲ ਕੋਈ ਜਰਨੈਲ, ਯੋਧਾ ਜਾਂ ਫ਼ੌਜੀ ਨੀਤੀਘਾੜਾ ਨਹੀਂ ਸੀ। ਉਹ ਕਿਸੇ ਨੂੰ ਹਥਿਆਰ ਵੀ ਨਹੀਂ ਦੇ ਸਕਦਾ ਸੀ, ਪਰ ਦੁਆ ਜ਼ਰੂਰ ਕਰ ਸਕਦਾ ਸੀ। ਜੰਗ ਓਸੇ ਨਾਲ ਹੀ ਜਿੱਤੀ ਜਾਂਦੀ ਸੀ! (7:10, 11)।

ਇਹ ਬਾਰ ਬਾਰ ਇਸਰਾਏਲ ਨੂੰ ਖ਼ੁਦਾ ਉੱਤੇ ਉਨ੍ਹਾਂ ਦੀ ਨਿਰਭਰਤਾ ਯਾਦ ਦੁਆਉਂਦਾ ਸੀ (7:12)। ਉਹ ਹਮੇਸ਼ਾ ਇਸ ਗੱਲ ਤੇ ਜ਼ੋਰ ਦਿੰਦਾ ਸੀ ਕਿ ਇਸਰਾਏਲ ਦੀ ਹੋਂਦ ਖ਼ੁਦਾ ਦੀ ਸ਼ਕਤੀ ਦੇ ਕਾਰਣ ਹੈ।

ਸਮੂਏਲ ਦੇ ਕਾਰਣ ਉਨ੍ਹਾਂ ਨੂੰ ਸ਼ਾਂਤੀ, ਏਕਤਾ ਅਤੇ ਬਰਕਤ ਮਿਲੀ ਸੀ (7:13, 14)। ਆਪਣੀਆਂ ਸਿੱਖਿਆਵਾਂ ਕਰਕੇ ਸਮੂਏਲ ਨੇ ਵੰਡੀ ਹੋਈ ਇਸਰਾਏਲ ਕੌਮ ਦੇ ਜਾਤੀ ਨੁਕਸਾਂ ਨੂੰ ਦੂਰ ਕਰਕੇ ਉਨ੍ਹਾਂ ਨੂੰ ਇਕ ਕਰ ਦਿੱਤਾ ਸੀ। ਇੰਜ ਉਸ ਨੇ ਇਸਰਾਏਲ ਦੇ ''ਸੰਘੀ ਰਾਜ'' ਲਈ ਰਾਹ ਤਿਆਰ ਕੀਤਾ ਸੀ।

ਅਖ਼ੀਰ ਇਹ ਉਹ ਲੋਕਾਂ ਨੂੰ ਖ਼ੁਦਾ ਦੀ ਇੱਛਾ ਬਾਰੇ ਸੁਣਾਉਣ ਵਿਚ ਲੱਗਿਆ ਰਿਹਾ (7:16)। ਉਹ ਜਾਣਦਾ ਸੀ ਕਿ ਜੇ ਇਸਰਾਏਲੀ ਖ਼ੁਦਾ ਵਿਚ ਭਰੋਸੇਯੋਗ ਬਣੇ ਰਹਿਣਾ ਚਾਹੁੰਦੇ ਹਨ ਤਾਂ ਉਨ੍ਹਾਂ ਲਈ ਖ਼ੁਦਾ ਦੇ ਵਚਨ ਦਾ ਗਿਆਨ ਜ਼ਰੂਰੀ ਹੈ। ਸਮੂਏਲ ਨੇ ਆਪਣੇ ਤੌਰ ਤੇ ''ਨਬੀਆਂ ਦੇ ਸਕੂਲ'' ਸ਼ੁਰੂ ਕੀਤੇ ਜਿਨ੍ਹਾਂ ਨੂੰ ਬਾਅਦ ਵਿਚ ਇਸਰਾਏਲ ਵਿਚ ਅਤੇ ਪੂਰੀ ਸਿੱਖਿਆ ਦੇਣ ਦੇ ਰੂਪ ਵਿਚ ਵਰਤਿਆ ਗਿਆ (19:3–5, 23, 24; 2 ਰਾਜਿਆਂ 2)।

ਇਸ ਲਈ ਜਵਾਨੀ ਦਾ ਜੋਸ਼ ਅਤੇ ਤਾਕਤ ਘਟ ਜਾਣ ਦੇ ਬਾਵਜੂਦ, ਸਮੂਏਲ ਦਾ ਸਮਰਪਣ ਬੁਢਾਪੇ ਵਿਚ ਵੀ ਉਵੇਂ ਹੀ ਬਣਿਆ ਰਿਹਾ। ਬਹੁਤ ਸਾਰੀਆਂ ਮੁਸ਼ਕਿਲਾਂ ਦਾ ਸਾਮਹਣਾ ਕਰਨ ਕਰਕੇ ਸਮੂਏਲ ਪਿੱਛੇ ਜਾ ਸਕਦਾ ਸੀ। ਇਸਰਾਏਲ ਨੂੰ ਮਿਸਬਾਹ ਤਕ ਲਿਆਉਣ ਲਈ ਉਸ ਨੂੰ ਲਗਾਤਾਰ ਵੀਹ ਸਾਲ ਤਕ ਸਿਖਾਉਣਾ ਪਿਆ। ਪਰ ਸਮੂਏਲ ''ਪੱਕੇ ਇਰਾਦੇ ਵਾਲਾ'' ਆਦਮੀ ਸੀ। ਡਰ, ਤਣਾਅ ਅਤੇ ਪਾਪ ਨਾਲ ਲੜਨ ਵਾਲੇ ਬਜ਼ੁਰਗਾਂ ਨੂੰ ਚਾਹੀਦਾ ਹੈ ਕਿ ਉਹ ਵੀ ਸਮੂਏਲ ਤੋਂ ਪ੍ਰੇਰਣਾ ਲੈ ਕੇ ਉਸ ਵਾਂਗ ਢੀਠਪੁਣੇ ਨਾਲ ਲੱਗੇ ਰਹਿਣ। ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਵੀ ਆਪਣੇ ਜੀਵਨਾਂ ਵਿਚ ਉਹੋ ਜਿਹੀ ਮਜ਼ਬੂਤੀ ਵਿਖਾਉਣ।

## ਸੀਨੀਅਰ ਸੰਤਾਂ ਲਈ: ਸੰਤੁਸ਼ਟ ਸਮਰਪਣ ਦੀ ਚੁਣੌਤੀ (8:1-22; 9:6, 15-10:1, 17-25; 12:1-7, 19-25)

ਜੀਵਨ ਦੇ ਅਗਲੇ ਵਰ੍ਹਿਆਂ ਵਿਚ ਵੀ ਇਸਰਾਏਲ ਦੇ ਸਮਰਪਣ ਅਤੇ ਪੱਕੇ ਇਰਾਦੇ ਵਿਚ ਕਮੀ ਨਹੀਂ ਆਈ। ਇਨ੍ਹਾਂ ਆਖਰੀ ਸਾਲਾਂ ਦੌਰਾਨ ਇਕ ਵੱਡਾ ਸਬਕ ਮਿਲਦਾ ਹੈ ਜਿਸ ਨਾਲ ਕਿਸੇ ਦੇ ਬੁਢਾਪੇ ਵਿਚ ਸੰਤੁਸ਼ਟੀ ਦਾ ਪਤਾ ਚਲਦਾ ਹੈ। ਕੁਝ ਲੋਕਾਂ ਨੂੰ ਸੰਸਾਰ ਵਿਚ ਆਪਣੇ ਬੀਤੇ ਵਰ੍ਹਿਆਂ ਨੂੰ ਯਾਦ ਕਰ ਕੇ ਬਹੁਤ ਦੁੱਖ ਹੁੰਦਾ ਹੈ। ਪਰ ਸਮੂਏਲ ਨਾਲ ਅਜਿਹਾ ਨਹੀਂ ਹੋਇਆ ਸੀ। ਸਮੂਏਲ ਦਾ ਜੀਵਨ ਬੇਕਾਰ ਵਿਚ ਨਹੀਂ ਬੀਤਿਆ ਸੀ, ਉਸ ਨੂੰ ਬੀਤੀ ਜ਼ਿੰਦਗੀ ਵੱਲ ਝਾਤ ਮਾਰ ਕੇ ਤਸੱਲੀ ਅਤੇ ਸੰਤੁਸ਼ਟੀ ਮਿਲਦੀ ਸੀ।

ਪਹਿਲੀ ਗੱਲ, ਸਮੂਏਲ ਇਸ ਕਰਕੇ ਸੰਤੁਸ਼ਟ ਸੀ ਕਿਉਂਕਿ ਉਹ ਉਮਰ ਭਰ ਖ਼ੁਦਾ ਪ੍ਰਤੀ ਸਮਰਪਿਤ ਰਿਹਾ ਸੀ। ਉਸ ਦੀ ਜ਼ਿੰਦਗੀ ਤੋਂ ਦੂਜਿਆਂ ਨੂੰ ਸਹੀ ਅਤੇ ਗਲਤ ਬਾਰੇ ਪਤਾ ਚੱਲਦਾ ਸੀ (8: 1–15)। ਸਮੂਏਲ ਦੇ ਵਿਰੋਧ 'ਚ ਇੱਕੋ ਇਕ ਕਲੰਕ ਉਸ ਦੇ ਪੁੱਤਰ ਸਨ, ਪਰ ਉਸ ਤੇ ਏਲੀ ਵਰਗਾ ਗੰਭੀਰ ਦੋਸ਼ ਨਹੀਂ ਲੱਗਿਆ ਸੀ (2:29; 3:13)। ਐਥੋਂ ਤਕ ਕਿ ਉਸ ਵੇਲੇ ਦੇ ਲੋਕ ਵੀ ਆਪਣੇ ਪੁੱਤਰਾਂ ਨੂੰ ਪਾਲਣ ਪੋਸ਼ਣ ਲਈ ਢੰਗ ਨਾਲ ਨਾ ਕਰਨ ਜਾਂ ਉਨ੍ਹਾਂ ਦੀਆਂ ਗਲਤੀਆਂ ਦਾ ਦੋਸ਼ ਸਮੂਏਲ ਉੱਤੇ ਨਹੀਂ ਮੜ੍ਹ ਸਕੇ ਸਨ। ਕਿਉਂ? ਇਹ ਸਪੱਸ਼ਟ ਸੀ ਕਿ ਸਮੂਏਲ ਨੇ ਉਨ੍ਹਾਂ ਦੀਆਂ ਗਲਤੀਆਂ ਲਈ ਮਾਫ਼ੀ ਨਹੀਂ ਮੰਗੀ ਸੀ (12:2)। ਕੁਝ ਲੋਕਾਂ ਦਾ ਸੁਝਾਅ ਹੈ ਕਿ ਸਮੂਏਲ ਨੇ ਆਪਣੇ ਪੁੱਤਰਾਂ ਨੂੰ ਲੋਕ ਅਹੁਦੇ ਤੋਂ ਹਟਾ ਕੇ ਦੂਜਿਆਂ ''ਵਿਚ'' ਮੰਨਿਆ ਸੀ। ਬਜ਼ੁਰਗਾਂ ਨੇ ਅੱਗੇ ਆ ਕੇ ਸਮੂਏਲ ਦੀ ਇਕਾਗਰਤਾ ਤੇ ਕੋਈ ਸਵਾਲ ਨਹੀਂ ਖੜ੍ਹਾ ਕੀਤਾ, ਸਗੋਂ ਸਾਫ਼ ਤੌਰ ਤੇ ਉਸ ਦੇ ਸਮਰਪਣ ਨੂੰ ਮੰਨ ਲਿਆ ਸੀ। ਕੁਝ ਲੋਕਾਂ ਨੂੰ ਬੁਢਾਪੇ ਵਿਚ ਆ ਕੇ ਉਮਰ ਭਰ ਆਪਣੇ ਅਸੂਲਾਂ ਵਿਚ ਢਿੱਲ ਦੇਣੀ ਹੀ ਪੈਂਦੀ ਹੈ। ਇਹ ਉਹ ਵੇਲਾ ਹੁੰਦਾ ਹੈ ਜਦ ਕਿਸੇ ਵੀ ਗ਼ਲਤੀ ਦੀ ਅਲੋਚਨਾ ਘੱਟ ਹੁੰਦੀ ਹੈ। ਅਤੇ ਗਲਤੀਆਂ ਮਾਫ਼ ਕਰ ਦਿੱਤੀਆਂ ਜਾਂਦੀਆਂ ਹਨ, ਖ਼ਾਸ ਕਰਕੇ ਜਦ ਗ਼ਲਤੀ ਕਰਨ ਵਾਲਾ ਆਦਮੀ ਘਰ ਦਾ ਹੀ ਹੋਵੇ। ਪਰ ਸਮੂਏਲ ਨਾਲ ਅਜਿਹੀ ਕੋਈ ਗੱਲ ਨਹੀਂ ਸੀ! ਉਹ ਮਜ਼ਬੂਤ ਹੀ ਰਿਹਾ ਸੀ (ਜ਼ਬੂਰ 92: 12–15; ਹੋਸ਼ੇਆ 12:6; ਇਬਰਾਨੀਆਂ 10:23)।

ਦੂਸਰਾ, ਸਮੂਏਲ ਇਸ ਕਰਕੇ ਸੰਤੁਸ਼ਟ ਸੀ, ਕਿਉਂਕਿ ਯਹੋਵਾਹ ਲਈ ਉਸ ਦੀ ਧੁਨ ਹਾਲੇ ਵੀ ਪਹਿਲਾਂ ਵਰਗੀ ਸੀ (8:6)। ਬਾਦਸ਼ਾਹ ਦੀ ਮੰਗ ਕਰਨ ਨਾਲ ਆਪਣੇ ਕਾਫ਼ਰ ਗੁਆਂਢੀਆਂ ਵਾਂਗੂ ਇਸਰਾਏਲੀਆਂ ਦੀ ਸੱਚਾਈ ਦਾ ਭੇਦ ਖੁੱਲ੍ਹ ਗਿਆ ਸੀ। ਸਮੂਏਲ ਨੂੰ ਇਹ ਗੱਲ ''ਬੁਰੀ ਲੱਗੀ'' ਸੀ। ''ਬੁਰੀ ਲੱਗੀ'' ਸ਼ਬਦ ਇਬਰਾਨੀ ਭਾਸ਼ਾ ਵਿਚ ਲਿਖਿਆ ਗਿਆ ਹੈ, ਜਿਸ ਦਾ ਅਰਥ ਜਜ਼ਬਾਤ ਨੂੰ ਸੱਟ ਲੱਗਣ, ਗੁੱਸੇ ਅਤੇ ਰੋਸ ਲਈ ਕੀਤਾ ਜਾਂਦਾ ਹੈ। ਸਮੂਏਲ ਨੇ ਜਦ ਉਨ੍ਹਾਂ ਦੀ ਇਹ ਬੇਨਤੀ ਸੁਣੀ, ਉਹ ਗੁੱਸੇ ਵਿਚ ਆ ਗਿਆ। ਆਪਣੇ ਪੁੱਤਰਾਂ ਤੇ ਲੱਗੇ ਦੋਸ਼ਾਂ ਕਾਰਣ ਜਾਂ ਇਸ ਦਾਅਵੇ ਕਰਕੇ ਨਹੀਂ ਕਿ ਉਹ ਬਹੁਤ ਬੁੱਢਾ ਹੋ ਚੁੱਕਿਆ ਸੀ ਸਗੋਂ ਇਸਰਾਏਲੀਆਂ ਵੱਲੋਂ ਖ਼ੁਦਾ ਨੂੰ ਠੁਕਰਾਉਣ ਕਰਕੇ ਉਸ ਨੂੰ ਬੁਰਾ ਲੱਗਾ ਸੀ! 1 ਸਮੂਏਲ 10:17–25 ਸਮੂਏਲ ਦੀਆ ਭਾਵਨਾਵਾਂ ਨੂੰ ਵਿਖਾਉਂਦਾ ਹੈ। ਭਾਰੀ ਵਿਰੋਧ ਹੋਣ ਦੇ ਬਾਵਜੂਦ ਸਮੂਏਲ ਖ਼ੁਦਾ ਦੀ ਇੱਜ਼ਤ ਪ੍ਰਤੀ ਅਡਿੱਗ ਰਿਹਾ। ਬੁੱਢਾ ਹੋਣ ਦੇ ਬਾਵਜੂਦ ਉਹ ਖਾਮੋਸ਼ ਨਹੀਂ ਰਿਹਾ, ਅਤੇ ਨਾ ਹੀ ਆਪਣੀ ਲਗਨ ਨੂੰ ਘੱਟ ਹੋਣ ਦਿੱਤਾ। ਸਰਵਸ਼ਕਤੀਮਾਨ ਪਰਮੇਸ਼ੁਰ ਦੀ ਸੇਵਾ ਲਈ ਲਗਨ ਨਾਲ ਕੰਮ ਕਰਨ ਦੀ ਇੱਛਾ ਤੋਂ ਲਗਨ ਨਾਲੋਂ ਵੱਧ ਕੋਈ ਸਮਰਪਣ ਨਹੀਂ (ਜ਼ਬੂਰ 71:9; ਫ਼ਿਲੇਮੋਨ 9)।

ਤੀਸਰਾ, ਸਮੂਏਲ ਆਪਣੀ ਪਿਛਲੀ ਜ਼ਿੰਦਗੀ ਕਰਕੇ ਵੀ ਸੰਤੁਸ਼ਟ ਸੀ (9:6)। ਉਸਦੇ ਨਾਮ ਵਡਿਆਈ ਅਤੇ ਭਰੋਸਾ ਜੁੜੇ ਹੋਏ ਸਨ। ਉਸ ਨੂੰ ''ਖ਼ੁਦਾ ਦਾ ਬੰਦਾ'' ਕਿਹਾ ਜਾਂਦਾ ਸੀ। ਉਸ ਦੀ ਜ਼ਿੰਦਗੀ ਦੇ ਸ਼ੁਰੂਆਤੀ ਸਾਲ ਅਜਿਹੇ ਸਨ ਜਿਨ੍ਹਾਂ ਨਾਲ ਉਸ ਨੂੰ ਆਉਣ ਵਾਲੀ ਜ਼ਿੰਦਗੀ 'ਚ ਬੜੀ ਇੱਜ਼ਤ ਮਿਲੀ। ਇਸ ਵਿਚ ਇਕ ਬੜਾ ਸ਼ਾਨਦਾਰ ਸਨਮਾਨ ਹੈ, ਜਿਸ ਲਈ ਹਰ ਕਿਸੇ ਨੂੰ ਯਤਨ ਕਰਨਾ ਚਾਹੀਦਾ ਹੈ। ਬੁਢਾਪੇ ਵਿਚ, ਕੀ ਅਸੀਂ ਏਨਾ ਵੱਡਾ ਸਨਮਾਨ ਹਾਸਿਲ ਕਰਾਂਗੇ? (1 ਇਤਿਹਾਸ 29:28; ਕਹਾਉਤਾਂ 16:31)।

ਚੌਥਾ, ਸਮੂਏਲ ਇਸ ਕਰਕੇ ਸੰਤੁਸ਼ਟ ਸੀ ਕਿਉਂਕਿ ਉਸ ਨੂੰ ਝਿਜਕਣ ਵਾਲਿਆਂ ਨੂੰ ਦਲੇਰੀ ਅਤੇ ਆਪਣੀ ਤਾਕਤ ਦੀ ਵਰਤੋਂ ਖ਼ੁਦਾ ਦੀ ਸੇਵਾ ਲਈ ਕਰਨ ਵਿਚ ਮਦਦ ਮਿਲਦੀ ਸੀ (9:20, 21)। ਸੱਤਰ ਸਾਲਾਂ ਤਕ, ਉਸ ਨੇ ਇਸਰਾਏਲ ਨੂੰ ਖ਼ੁਦਾ ਦੀ ਸੇਵਾ ਕਰਨ ਅਤੇ ਖ਼ੁਦਾ ਨੂੰ ਆਪਣੇ ਬਾਦਸ਼ਾਹ ਦੇ ਰੂਪ ਵਿਚ ਪਛਾਣਨ ਲਈ ਆਪਣੇ ਆਪ ਨੂੰ ਸਮਰਪਿਤ ਕੀਤਾ ਹੋਵੇਗਾ। ਹੁਣ ਉਸਨੇ ਇਹ ਰਸਤਾ ਛੱਡ ਕੇ ਉਲਟੇ ਪਾਸੇ ਨੂੰ ਚੱਲਣਾ ਸੀ! ਇਹ ਉਸ ਦੇ ਉੱਤਮ ਫ਼ੈਸਲੇ ਦੇ ਵਿਰੁੱਧ ਸੀ। ਉਹ ਬੁੱਢਾ ਵੀ ਹੋ ਗਿਆ ਸੀ ਅਤੇ ਆਪਣੀ ਚਾਲ ਵੀ ਚੱਲਦਾ ਸੀ; ਬੇਸ਼ੱਕ ਉਹ ਜਾਣਦਾ ਸੀ ਕਿ ਸਭ ਤੋਂ ਬੇਹਤਰੀਨ ਢੰਗ ਕਿਹੜਾ ਹੈ, ਫਿਰ ਵੀ ਉਸ ਲਈ ਬਦਲਣਾ ਜ਼ਰੂਰੀ ਸੀ (8:22)। ਸਮੂਏਲ ਨਵੇਂ ਬਾਦਸ਼ਾਹ ਦਾ ਸਭ ਤੋਂ ਸੁਯੋਗ ਤੇ ਸਮਰਪਿਤ ਮਦਦਗਾਰ ਬਣ ਗਿਆ ਸੀ। ਉਸ ਨੇ ਰਾਜ ਨੂੰ ਸੰਗਠਿਤ ਕਰਨ ਅਤੇ ਇਸ ਨੂੰ ਬਣਾਉਣ ਵਿਚ ਸਲਾਹ ਦਿੱਤੀ। ਸੱਚੇ ਨਾਇਕ ਦੇ ਰੂਪ ਵਿਚ ਉਸ ਨੂੰ ਉਸ ਦਾ ਇਹੀ ਕੰਮ ਦੂਜਿਆਂ ਤੋਂ ਵੱਖ ਕਰਦਾ ਹੈ। ਉਸ ਨੇ ਸ਼ਾਊਲ ਨੂੰ ਦਲੇਰ ਕੀਤਾ, ਉਸ ਦੀ ਅਗਵਾਈ ਕੀਤੀ ਅਤੇ ਉਸ ਨੂੰ ਸਲਾਹ ਦਿੰਦਾ ਸੀ। ਸ਼ਾਊਲ ਨੂੰ ਮਹਾਨ ਬਾਦਸ਼ਾਹ ਬਣਾਉਣ ਵਿਚ ਸਮੂਏਲ ਦਾ ਬੜਾ ਯੋਗਦਾਨ ਸੀ। ਜਦ ਸਾਨੂੰ ਆਪਣੇ ਅਧਿਕਾਰਾਂ ਨੂੰ ਤਿਆਗਣ ਅਤੇ ਆਪਣੇ ਫੈਸਲੇ ਦੇ ਵਿਰੁੱਧ ਜਾਣ ਨੂੰ ਮਜਬੂਰ ਹੋਣਾ ਪੈਂਦਾ ਹੈ ਤਾਂ ਕੀ ਹੁੰਦਾ ਹੈ? ਅਸੀਂ ਉਸ ਬਦਲਾਅ ਦੇ ਵਿਰੁੱਧ ਜਾ ਕੇ ਅਜਮਾਇਸ਼ ਵਿਚ ਪੈ ਜਾਂਦੇ ਹਾਂ ਅਤੇ ਜੇ ਅਸੀਂ ਹਾਰ ਮੰਨ ਵੀ ਲਈਏ, ਤਾਂ ਅਸੀਂ ਅਣਇੱਛਾ ਅਤੇ ਦੁਰਭਾਵਨਾ ਨਾਲ ਮਨਦੇ ਹਾਂ। ਅਜਿਹੇ ਹਾਲਾਤ ਆਉਣ ਤੇ ਬੁਢਾਪੇ ਵਿਚ ਵੀ ਸਮੂਏਲ ਦੇ ਸੰਤੁਸ਼ਟ ਰਹਿਣ ਦੀ ਗੱਲ ਯਾਦ ਰੱਖੋ ਅਤੇ ਹਰ ਤਰ੍ਹਾਂ ਨਾਲ ਖ਼ੁਦਾ ਦੇ ਲੋਕਾਂ ਦੀ ਮਦਦ ਕਰੋ! (1 ਕੁਰਿੰਥੀਆਂ 9:19–23; ਰਸੂਲਾਂ ਦੇ ਕੰਮ 10:14)। ਵਿਸ਼ਵਾਸੀ ਸੰਤ ਦਾ ਵਿਹਾਰ ਅਜਿਹਾ ਹੀ ਹੋਣਾ ਚਾਹੀਦਾ ਹੈ (ਫ਼ਿਲਿੱਪੀਆਂ 2:3, 4)।

ਪੰਜਵਾਂ, ਸਮੂਏਲ ਇਸ ਕਰਕੇ ਸੰਤੁਸ਼ਟ ਸੀ ਕਿਉਂਕਿ ਖ਼ੁਦਾ ਵਾਸਤੇ ਸੰਪੂਰਣ ਜੀਵਨ ਦੇਣ ਦਾ ਉਸ ਨੂੰ ਕੋਈ ਅਫ਼ਸੋਸ ਨਹੀਂ ਸੀ। 12:1–7 ਵਿਚ, ਸਮੂਏਲ ਨੇ ਆਪਣੇ ਜੀਵਨ ਦੀ ਸਮੀਖਿਆ ਕੀਤੀ। ਉੱਥੇ ਮੌਜੂਦ ਸਭ ਲੋਕ ਉਸ ਦੇ ਜੀਵਨ ਤੋਂ ਚੰਗੀ ਤਰ੍ਹਾਂ ਜਾਣੂ ਸਨ (12:2)। ਉਸ ਦਾ ਕੰਮ ਬੇਦਾਗ਼ ਸੀ ਅਤੇ ਉਸਨੇ ਖ਼ੁਦਾ ਨੂੰ ਵਡਿਆਈ ਦਿੱਤੀ। ਉਹਨੇ ਕੁਝ ਵੱਖਰਾ ਨਹੀਂ ਕੀਤਾ। ਕਿੰਨਾ ਮੁਬਾਰਕ ਹੈ ਉਹ ਆਦਮੀ ਜਿਹੜਾ ਆਪਣੇ ਜੀਵਨ ਦੀ ਸਮੀਖਿਆ ਕਰ ਕੇ ਵੇਖਦਾ ਹੈ ਕਿ ਉਸ ਵਿਚ ਕਿਸੇ ਕਿਸਮ ਦੇ ਸੁਧਾਰ ਦੀ ਲੋੜ ਹੈ। ਖ਼ੁਦਾ ਪ੍ਰਤੀ ਵਚਨਬੱਧਤਾ ਦਾ ਬਰਕਤਾਂ ਭਰਿਆ ਫਲ ਇਹ ਹੀ ਹੈ (2 ਤਿਮੋਥਿਉਸ 4:6, 7)।

## ਮੌਤ ਵਿਚ: ਫਲ ਪਾਏ ਹੋਏ ਸਮਰਪਣ ਦੀ ਚੁਣੌਤੀ (25:1; 28:12-19)

ਸਮੂਏਲ ਦੀ ਮੌਤ ਕਾਰਣ ਇਸਰਾਏਲੀ ਬਹੁਤ ਦੁਖੀ ਹੋਏ। ਉਸ ਦੇ ਜੀਵਨ ਦਾ ਉਨ੍ਹਾਂ ਤੇ ਏਨਾਂ ਪ੍ਰਭਾਵ ਸੀ ਕਿ ਉਸ ਦੀ ਮੌਤ ਤੇ ''ਸਭ ਇਸਰਾਏਲੀਆਂ ਨੇ'' ਸੋਗ ਮਨਾਇਆ (25: 1; ਉਤਪਤ 15: 15)।

ਏਂਦੋਰ ਵਾਸੀ ਦੀ ਭੂਤ ਕੱਢਣ ਵਾਲੀ ਔਰਤ ਕੋਲ ਸ਼ਾਊਲ ਦਾ ਜਾਣਾ ਸਮੂਏਲ ਦੀ ਮੌਤ ਦੇ ਇਨ੍ਹਾਂ ਤੱਥਾਂ ਨੂੰ ਉਜਾਗਰ ਕਰਦਾ ਹੈ (28: 12–19) ਕਿ ਉਹ ''ਅਰਾਮ'' ਵਿਚ ਸੀ (28: 15); ਉਸ ਨੂੰ ਯਾਦ ਕਰਨਾ ਉਸ ਪ੍ਰਤੀ ਸ਼ਰਧਾ ਅਤੇ ਸਨਮਾਨ ਦਾ ਕਾਰਣ ਸੀ (28: 15); ਅਤੇ ਮੌਤ ਦੇ ਬਾਅਦ ਸਮੂਏਲ ਸਮਰਪਣ ਦੀ ਹੀ ਬੇਨਤੀ ਕਰ ਰਿਹਾ ਸੀ (28: 18, 19)।

ਮੁਰਦਿਆਂ ਦਾ ਜ਼ਿੰਦਾ ਲੋਕਾਂ ਨਾਲ ਗੱਲ ਕਰਨਾ ਪੂਰੀ ਤਰ੍ਹਾਂ ਮੁਮਕਿਨ ਹੈ; ਪਰ ਉਨ੍ਹਾਂ ਦਾ ਜੀਵਨ ਸਮੂਏਲ ਵਾਂਗ ਰਿਹਾ ਹੋਵੇ ਤਾਂ ਭਵਿੱਖ ਲਈ ਭਰੋਸਾ ਵੀ ਮਿਲ ਸਕਦਾ ਹੈ। ਮਰ ਚੁੱਕੇ ਲੋਕਾਂ ਨੂੰ ਅਰਾਮ ਦਾ ਅਨੰਦ ਵੀ ਤਾਂ ਹੀ ਮਿਲੇਗਾ ਜੇ ਕਰ ਉਹ ਜ਼ਿੰਦਗੀ ਭਰ ਖ਼ੁਦਾ ਲਈ ਸਮਰਪਿਤ ਰਹਿਣ (ਪ੍ਰਕਾਸ਼ ਦੀ ਪੋਥੀ 14: 13)। ਵਫ਼ਾਦਾਰ ਲੋਕਾਂ ਦੀ ਯਾਦ ਭੈਅ ਅਤੇ ਸਨਮਾਨ ਕਾਰਣ ਹੋਵੇਗੀ (ਇਬਰਾਨੀਆਂ 12: 1; 13: 7)। ਇਸ ਜਹਾਨ 'ਚੋਂ ਜਾ ਚੁੱਕੇ ਪਵਿੱਤਰ ਲੋਕ, ਆਪਣੇ ਦੁਨਿਆਵੀ ਜ਼ਿੰਦਗੀ ਨਾਲ ਪਰਮੇਸ਼ੁਰ ਲਈ ਸਮਰਪਿਤ ਰਹਿਣ ਦੀ ਸਿੱਖਿਆ ਦਿੰਦੇ ਹਨ।

## ਸਾਰ

ਸਮੂਏਲ ਬਾਰੇ ਤੁਸੀਂ ਕੀ ਸੋਚਦੇ ਹੋ? ਉਹ ਦਾ ਜੀਵਨ ਬਹੁਤ ਹੀ ਵਧੀਆ ਸੀ ਇਕ ਬਾਲਕ ਦੇ ਰੂਪ ਵਿਚ ਉਸ ਨੇ ਖ਼ੁਦਾ ਦੀ ਸੇਵਾ ਕਰਨ ਲਈ ਆਪਣੇ ਆਪ ਨੂੰ ਸਮਰਪਿਤ ਕੀਤਾ ਸੀ। ਜਵਾਨ ਹੋਣ ਤੇ ਵੀ ਉਸ ਨੇ ਸੱਚਾਈ ਨੂੰ ਫੜੀ ਰੱਖਣ, ਝੂਠ ਨੂੰ ਉਜਾਗਰ ਕਰਨ ਅਤੇ ਇਸਰਾਏਲ ਦੇ ਖ਼ੁਦਾ ਵੱਲ ਆਉਣ ਵਿਚ ਅਗਵਾਈ ਕਰਨ ਲਈ ਮਜ਼ਬੂਤੀ ਨਾਲ ਸਮਰਪਣ ਕਰੀ ਰੱਖਿਆ। ਇਕ ਬਜ਼ੁਰਗ ਸ਼ਹਿਰੀ ਦੇ ਰੂਪ ਵਿਚ ਚਿੱਟੇ ਵਾਲਾਂ ਵਾਲੇ ਬਜ਼ੁਰਗ ਦੇ ਰੂਪ ਵਿਚ, ਉਹ ਇਕ ਸੰਤੁਸ਼ਟ ਆਦਮੀ ਸੀ। ਇਸ ਸੰਸਾਰ ਤੋਂ ਜਾਣ ਵਾਲੇ ਪਵਿੱਤਰ ਲੋਕਾਂ ਦੇ ਰੂਪ ਵਿਚ ਉਸਦੇ ਸਮਰਪਣ ਦੇ ਕਾਰਣ ਉਸ ਨੂੰ ਆਰਾਮ, ਸਨਮਾਨ ਅਤੇ ਪ੍ਰੇਰਣਾ ਦੇਣ ਦੇ ਇਨਾਮ ਮਿਲੇ।

ਸਮੂਏਲ ਦੇ ਸਮਰਪਣ ਨੇ ਉਸ ਨੂੰ ਆਪਣੇ ਵਿਰੋਧੀਆਂ ਤੋਂ ਉੱਪਰ ਬੇਦੋਸ਼ਾ ਅਤੇ ਸ਼ੁੱਧ ਬਣਾ ਦਿੱਤਾ ਸੀ। ਇਸਰਾਏਲੀ ਸਮਾਜ ਲਈ ਉਸ ਦਾ ਯੋਗਦਾਨ ਇਕ ਸੰਤ ਦੇ ਚਰਿੱਤਰ ਵਾਲਾ ਸੀ ਜਿਸ ਨੇ ਇਸਰਾਏਲ ਦੇ ਨੈਤਿਕ ਪਤਨ ਨੂੰ ਰੋਕ ਕੇ ਬਾਦਸ਼ਾਹ ਦਾਊਦ ਦੇ ਰਾਹੀਂ ਮਸੀਹ ਦੇ ਆਉਣ ਦੀ ਨੀਂਹ ਰੱਖੀ। ਤੁਹਾਡੀ ਜੀਵਨ ਦੀ ਸਮਾਂਰੇਖਾ ਜਿੱਥੇ ਵੀ ਹੋਵੇ, ਸਮੂਏਲ ਦਾ ਜੀਵਨ ਤੁਹਾਨੂੰ ਖ਼ੁਦਾ ਪ੍ਰਤੀ ਸਮਰਪਿਤ ਹੋਣ ਦੀ ਬੇਨਤੀ ਕਰਦਾ ਹੈ (12: 24)। ਉਹ ਸਾਨੂੰ ਵਿਖਾਉਂਦਾ ਹੈ ਕਿ ਨਵਜੰਮੇ ਬੱਚੇ ਦੇ ਪੰਘੂੜੇ ਤੋਂ ਲੈ ਕੇ ਇਕ ਉੱਘੇ ਸੰਤ ਦੀ ਕਬਰ ਤਕ ਯਹੋਵਾਹ ਪ੍ਰਤੀ ਸਮਰਪਣ ਦਾ ਇਨਾਮ ਹਮੇਸ਼ਾ ਮਿਲਦਾ ਹੈ (ਯਸਾਯਾਹ 46: 3, 4)।

ਆਪਣੀਆਂ ਭੇਡਾਂ ਦੇ ਦਸਵੇਂ ਹਿੱਸੇ ਨੂੰ ਵੱਖ ਕਰਨਾ ਯਹੂਦੀਆਂ ਦੀ ਰੀਤ ਸੀ। ਲੇਲਿਆਂ ਨੂੰ ਮਾਦਾਵਾਂ ਤੋਂ ਵੱਖ ਕਰ ਕੇ ਇਕ ਵਾੜੇ ਵਿਚ ਬੰਦ ਕੀਤਾ ਜਾਂਦਾ ਸੀ, ਜਿਸ ਵਿਚ ਕੇਵਲ ਇੱਕੋ ਹੀ ਤੰਗ ਰਸਤਾ ਹੁੰਦਾ ਸੀ। ਮਾਦਾਵਾਂ ਨੂੰ ਪ੍ਰਵੇਸ਼ ਦਵਾਰ ਤੇ ਖੜਾ ਕੀਤਾ ਜਾਦਾ ਸੀ। ਪ੍ਰਵੇਸ਼ ਦਵਾਰ ਤੇ

ਡੰਡਾ ਲੈ ਕੇ ਖੜਾ ਇਕ ਆਦਮੀ ਹਰ ਦਸਵੇਂ ਲੇਲੇ ਨੂੰ ਛੂਹੰਦਾ ਅਤੇ ਉਸ ਨੂੰ ਕਹਿ ਕੇ ਨਿਸ਼ਾਨ ਲਗਾਉਂਦਾ ਸੀ, ''ਇਹ ਪਵਿੱਤਰ ਹੋਵੇਗਾ।'' ਹਿਜ਼ਕੀਏਲ ਨੇ ਵੀ ਇਸੇ ਰੂਪਕ ਨੂੰ ਵਰਤਿਆ, ''ਨਿਦਾਨ ਜਿਹੜੇ ਪਸ਼ੂ ਗਿਣਨ ਲਈ ਲਾਠੀ ਦੇ ਥੱਲਿਉਂ ਨਿੱਕਲ ਜਾਣ ਵਾਲੇ ਹਨ, ਉਨ੍ਹਾਂ ਦਾ ਦਸਵਾਂਧ ਭਾਵ ਦਸ ਦਸ ਪਿੱਛੇ ਇਕ ਪਸ਼ੂ ਯਹੋਵਾਹ ਲਈ ਪਵਿੱਤਰ ਠਹਿਰੇ'' (ਲੇਵੀਆਂ ਦੀ ਪੋਥੀ 27:32; ਯਿਰਮਿਯਾਹ 33:13)।ਆਓ ਸਭ ਇਸ ਗੱਲ ਨੂੰ ਜਾਣ ਲਈਏ ਕਿ ਅਸੀਂ ''ਅਸੀਂ ਉਸ ਲਾਠੀ ਹੇਠੋਂ ਨਿਕਲ'' ਚੁੱਕੇ ਹਾਂ ਅਤੇ ਸਮੂਏਲ ਵਾਂਗ ਹੀ ''ਪਵਿੱਤਰ'' ਠਹਿਰ ਚੁੱਕੇ ਹਾਂ।